ਸਤਿਕਾਰਯੋਗ SNAP ਬਿਨੈਕਾਰ,

SNAP ਲਈ ਅਪਲਾਈ ਕਰਨਾ ਜਾਂ ਪ੍ਰਾਪਤ ਕਰਨਾ ਤੁਹਾਡੇ ਲਈ ਜਨਤਕ ਖਰਚਾ **ਨਹੀਂ** ਬਣਾਉਂਦਾ ਅਤੇ ਜਨਤਕ ਖਰਚਾ ਨਿਰਧਾਰਨ ਵਿੱਚ ਵਿਚਾਰਿਆ **ਨਹੀਂ** ਜਾਵੇਗਾ। SNAP ਲਈ ਅਪਲਾਈ ਕਰਨਾ ਜਾਂ ਪ੍ਰਾਪਤ ਕਰਨਾ ਤੁਹਾਡੀ ਇਸ ਯੋਗਤਾ ਨੂੰ ਪ੍ਰਭਾਵਿਤ **ਨਹੀਂ** ਕਰੇਗਾ:

- **ਸੰਯੁਕਤ ਰਾਜ ਅਮਰੀਕਾ ਵਿੱਚ ਰਹਿਣਾ,**
- **ਗ੍ਰੀਨ ਕਾਰਡ(Green Card) / ਕਾਨੂੰਨੀ ਤੌਰ 'ਤੇ ਸਥਾਈ ਨਿਵਾਸੀ ਦਾ ਦਰਜਾ ਪ੍ਰਾਪਤ ਕਰਨਾ,**
- **ਗ੍ਰੀਨ ਕਾਰਡ(Green Card) / ਕਾਨੂੰਨੀ ਤੌਰ 'ਤੇ ਸਥਾਈ ਨਿਵਾਸੀ ਦਾ ਦਰਜਾ ਰੱਖਣਾ, ਜਾਂ**
- **ਇੱਕ U.S. ਨਾਗਰਿਕ ਬਣਨਾ।**

ਤੁਸੀਂ ਆਪਣੇ ਪਰਿਵਾਰ ਵਿੱਚ ਯੋਗ ਆਵਾਸੀਆਂ ਜਾਂ U.S. ਨਾਗਰਿਕਾਂ ਦੀ ਤਰਫੋਂ SNAP ਲਈ ਵੀ ਅਪਲਾਈ ਕਰ ਸਕਦੇ ਹੋ, ਭਾਵੇਂ ਤੁਸੀਂ ਆਪਣੇ ਜਾਂ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਨੂੰ ਪ੍ਰਭਾਵਿਤ ਕੀਤੇ ਬਿਨਾਂ, ਆਪਣੇ ਲਈ ਲਾਭਾਂ ਲਈ ਅਪਲਾਈ ਨਹੀਂ ਕਰਨਾ ਚਾਹੁੰਦੇ। ਉਦਾਹਰਨ ਲਈ, ਜੇਕਰ ਕੋਈ ਮਾਤਾ-ਪਿਤਾ ਆਪਣੀ ਇਮੀਗ੍ਰੇਸ਼ਨ ਸਥਿਤੀ ਦੇ ਕਾਰਨ SNAP ਲਈ ਯੋਗ ਨਹੀਂ ਹਨ, ਤਾਂ ਵੀ ਉਹ ਆਪਣੇ ਯੋਗ ਬੱਚਿਆਂ ਲਈ ਅਪਲਾਈ ਕਰ ਸਕਦੇ ਹਨ। SNAP ਦਫ਼ਤਰ ਨੂੰ ਉਹਨਾਂ ਲੋਕਾਂ ਲਈ ਇਮੀਗ੍ਰੇਸ਼ਨ ਦਸਤਾਵੇਜ਼ ਮੰਗਣ ਦੀ ਇਜਾਜ਼ਤ ਨਹੀਂ ਹੈ ਜੋ ਖ਼ੁਦ ਦੇ ਲਾਭ ਪ੍ਰਾਪਤ ਕਰਨ ਲਈ ਅਪਲਾਈ ਨਹੀਂ ਕਰ ਰਹੇ ਹਨ।

ਜੇਕਰ ਤੁਹਾਨੂੰ ਭੋਜਨ ਮਦਦ ਦੀ ਲੋੜ ਹੈ ਅਤੇ ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਯੋਗ ਹੋ, ਤਾਂ ਕਿਰਪਾ ਕਰਕੇ ਆਪਣੇ ਜਾਂ ਆਪਣੇ ਪਰਿਵਾਰ ਲਈ SNAP ਲਈ ਅਪਲਾਈ ਕਰੋ। ਇਹ ਆਪਣੇ ਪਰਿਵਾਰ ਦੇ ਭਲੇ ਲਈ ਕਰੋ!

ਅੰਗਰੇਜ਼ੀ ਜਾਂ ਸਪੇਨਿਸ਼ ਵਿੱਚ ਆਮ ਇਮੀਗ੍ਰੇਸ਼ਨ ਜਾਣਕਾਰੀ ਨਾਲ ਸਬੰਧਿਤ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, ਕਿਰਪਾ ਕਰਕੇ USCIS ਨੂੰ 1-800-375-5283 'ਤੇ ਕਾਲ ਕਰੋ। SNAP ਬਾਰੇ ਆਮ ਜਾਣਕਾਰੀ ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਆਪਣੀ ਸਟੇਟ SNAP ਹੌਟਲਾਈਨ ਨਾਲ ਜੁੜਨ ਲਈ 1-800-221-5689 (ਸਿਰਫ਼ ਅੰਗਰੇਜ਼ੀ) ਜਾਂ 202-720-2791 (ਅੰਗਰੇਜ਼ੀ ਅਤੇ ਸਪੇਨਿਸ਼) 'ਤੇ ਕਾਲ ਕਰੋ।